## ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) -ਕਮ- ਜ਼ਿਲ੍ਹਾ ਪ੍ਰੋਜੈਕਟ ਡਾਇਰੈਕਟਰ, ਸਮੱਗਰਾ ਸਿੱਖਿਆ ਅਭਿਆਨ, ਬਠਿੰਡਾ

ਵੱਲ

ਸਬੰਧਤ ਸਕੂਲ ਮੁੱਖੀ (ਪ੍ਰਾਇਮਰੀ /ਅਪਰ ਪ੍ਰਾਇਮਰੀ),

ਜਿਲ੍ਹਾ ਬਠਿੰਡਾ।

ਪੱਤਰ ਨੰ:- ਸਸਅ/ਵਰਦੀਆਂ/ 2022-23/2301 ਮਿਤੀ ਬਠਿੰਡਾ: 01.08.2022

ਵਿਸ਼ਾ- **ਵਰਦੀਆਂ ਦੀ ਖਰੀਦ ਕਰ ਕੇ ਇਸ ਨੂੰ ਈ ਪੰਜਾਬ ਪੋਰਟਲ ਤੇ ਅੱਪਡੇਟ ਕਰਨ ਅਤੇ ਵਰਦੀਆਂ ਦੀ ਹੋਰ ਗ੍ਰਾਂਟ ਦੀ ਡਿਮਾਂਡ / ਸਰਪਲਸ ਸਬੰਧੀ।**

ਹਵਾਲਾ- ਮੁਖ ਦਫਤਰ ਦੇ ਮੀਮੋ ਨੰ: ਐਸ.ਐਸ.ਏ./ਯੂਨੀਫਾਰਮ/2022/189079 ਮਿਤੀ 15.07.2022 ਅਤੇ ਇਸ ਦਫਤਰ ਦੇ ਪੱਤਰ ਨੰ: ਸਸਅ/ਵਰਦੀਆਂ/2022-23/2299 ਮਿਤੀ 26.07.2022

ਵਿਸ਼ਾ ਅੰਕਿਤ ਅਤੇ ਹਵਾਲਾ ਸਬੰਧੀ ਆਪ ਨੂੰ ਵਰਦੀਆਂ ਦੀ ਖਰੀਦ ਕਰਕੇ ਇਸ ਨੂੰ ਈ-ਪੰਜਾਬ ਪੋਰਟਲ ਤੇ ਅੱਪਡੇਟ ਕਰਨ ਸਬੰਧੀ ਹਦਾਇਤ ਕੀਤੀ ਗਈ ਸੀ ਪ੍ਰਤੂੰ ਅੱਜ ਮਿਤੀ 01.08.2022 ਨੂੰ ਈ-ਪੰਜਾਬ ਪੋਰਟਲ ਤੇ ਸੂਚਨਾਂ ਅਨੁਸਾਰ ਅਜੇ ਵੀ ਬਹੁਤ ਸਕੂਲ ਅਜਿਹੇ ਹਨ ਜਿਹਨਾਂ ਨੇ ਵਰਦੀਆਂ ਦੀ ਖਰੀਦ ਕਰ ਕੇ ਇਸ ਦਾ ਡਾਟਾ ਈ ਪੰਜਾਬ ਪੋਰਟਲ ਤੇ ਅੱਪਡੇਟ ਨਹੀ ਕੀਤਾ ਹੈ ਜਦੋਂ ਕਿ ਵਰਦੀਆਂ ਦੀ ਗ੍ਰਾਂਟ ਜਾਰੀ ਕੀਤੀ ਨੂੰ ਕਾਫੀ ਸਮਾਂ ਹੋ ਗਿਆ ਹੈ ਅਤੇ ਮੁਖ ਦਫਤਰ ਤੋਂ ਪ੍ਰਾਪਤ ਹਦਾਇਤ ਅਨੁਸਾਰ ਵਰਦੀਆਂ ਦੀ ਖਰੀਦ ਮਿਤੀ 31.07.2022 ਤੱਕ ਕਰਨੀ ਸੀ। ਜਿਨ੍ਹਾਂ ਸਕੂਲਾਂ ਨੂੰ ਹਾਲੇ ਤੱਕ ਈ.ਪੰਜਾਬ ਪੋਰਟਲ ਤੇ ਵਰਦੀਆਂ ਸਬੰਧੀ ਡਾਟਾ ਅਪਡ੍ਰੇਟ ਨਹੀ ਕੀਤਾ ਹੈ ਉਹਨਾਂ ਦੀ ਲਿਸਟ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ ਅਤੇ ਇਹਨਾਂ ਸਕੂਲਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਹਨਾਂ ਵੱਲੋਂ ਡਾਟਾ ਈ.ਪੰਜਾਬ ਤੇ ਤੁਰੰਤ ਅਪਡੇਟ ਕੀਤਾ ਜਾਵੇ।

ਉਕਤ ਤੋਂ ਇਲਾਵਾ ਜੇਕਰ ਕਿਸੇ ਸਕੂਲ ਨੂੰ ਵਰਦੀਆਂ ਦੀ ਗ੍ਰਾਂਟ ਦੀ ਹੋਰ ਲੋੜ ਹੈ ਜਾਂ ਕਿਸੇ ਸਕੂਲ ਕੋਲ ਵਰਦੀਆਂ ਦੀ ਗ੍ਰਾਂਟ ਸਰਪਲਸ ਪਈ ਹੈ ਤਾਂ ਉਹ ਤੁਰੰਤ ਇਸ ਸਬੰਧੀ ਸਬੰਧਤ ਬੀ.ਪੀ.ਈ.ਓ. ਦਫਤਰ ਨਾਲ ਸੰਪਰਕ ਕਰਨ। ਜੇਕਰ ਕਿਸੇ ਸਕੂਲ ਕੋਲ ਵਰਦੀਆਂ ਦੀ ਗ੍ਰਾਂਟ ਸਰਪਲਸ ਰਹਿ ਜਾਂਦੀ ਹੈ ਜਾਂ ਕੋਈ ਬੱਚਾ ਵਰਦੀਆਂ ਤੋਂ ਵਾਝਾਂ ਰਹਿ ਜਾਂਦਾ ਹੈ ਤਾਂ ਇਸ ਦੀ ਨਿੱਜੀ ਜਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।

ਨੱਥੀ – ਸਕੂਲਾਂ ਦੀ ਲਿਸਟ।

01/08/22

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) -ਕਮ-,
ਜ਼ਿਲ੍ਹਾ ਪ੍ਰੋਜੈਕਟ ਡਾਇਰੈਕਟਰ,
ਸਮੱਗਰਾ ਸਿੱਖਿਆ ਅਭਿਆਨ, ਬਠਿੰਡਾ

ਪਿੱਠ ਅੰਕਣ ਨੰ ਸਮ ਮਿਤੀ

ਉਕਤ ਦਾ ਉਤਾਰਾ ਸਮੂਹ ਬੀ.ਪੀ.ਈ.ਓਜ਼ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਜੇਕਰ ਕਿਸੇ ਸਕੂਲ ਕੋਲ ਵਰਦੀਆਂ ਦੀ ਗ੍ਰਾਂਟ ਸਰਪਲਸ ਹੈ ਤਾਂ ਉਸ ਤੋਂ ਗ੍ਰਾਂਟ ਲੈ ਕੇ ਜਿਸ ਸਕੂਲ ਦੀ ਡਿਮਾਂਡ ਹੈ ਉਸ ਨੂੰ ਜਾਰੀ ਕਰਨਾ ਯਕੀਨੀ ਬਣਾਇਆ ਜਾਵੇ। ਜੇਕਰ ਵਰਦੀਆਂ ਦੀ ਗ੍ਰਾਂਟ ਆਪ ਦੇ ਪੱਧਰ ਤੇ ਉਪਲਬੱਧ ਨਹੀ ਤਾਂ ਜਿਲ੍ਹਾ ਪੱਧਰ ਤੇ ਗ੍ਰਾਂਟ ਦੀ ਡਿਮਾਂਡ ਕਰ ਲਈ ਜਾਵੇ।

01/08/22

ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) -ਕਮ-,
ਜ਼ਿਲ੍ਹਾ ਪ੍ਰੋਜੈਕਟ ਡਾਇਰੈਕਟਰ,
ਸਮੱਗਰਾ ਸਿੱਖਿਆ ਅਭਿਆਨ,ਬਠਿੰਡਾ।